27 Nov. SNG-5,6,7,8.qxd 11/27/2025 10:14 PM Page 1

ਸੰਗਰੂਰ ਦੇ ਨਾਭਾ ਗੇਟ ਬਾਜ਼ਾਰ ਵਿਚ ਦੁਕਾਨਾਂ ਸੀਲ ਕਰਨ ਦੀ ਕਾਰਵਾਈ ਮੌਕੇ ਨਗਰ ਕੌਂਸਲ ਸੰਗਰੂਰ ਦੇ ਅਧਿਕਾਰੀਆਂ ਅਤੇ ਕੌਂਸਲਰਾਂ ਵਿਚਾਲੇ ਹੋਈ ਤਕਰਾਰਬਾਜ਼ੀ ਦੇ ਦ੍ਰਿਸ਼।

ਨਗਰ ਕੌਂਸਲ ਦਫ਼ਤਰ ਵਿਖੇ ਦੁਕਾਨਾਂ ਸੀਲ ਕਰਨ ਦੇ ਮੁੱਦੇ 'ਤੇ ਕਾਰਜਸਾਧਕ ਅਫ਼ਸਰ ਨਾਲ ਬਹਿਸਦੇ ਹੋਏ ਕੌਂਸਲਰ। ਤਸਵੀਰਾਂ: ਮੁਕੇਸ਼ ਕੁਮਾਰ

ਸੰਗਰੂਰ ਵਿਚ ਸਿਰਫ਼ ਤਿੰਨ ਦੁਕਾਨਾਂ ਨੂੰ ਸੀਲ ਕਰਨ ਆਏ ਨਗਰ ਕੌਂਸਲ ਅਧਿਕਾਰੀਆਂ ਅਤੇ ਕੌਂਸਲਰਾਂ ਵਿਚਾਲੇ ਹੋਈ ਤਿੱਖੀ ਤਕਰਾਰਬਾਜ਼ੀ, ਮਾਹੌਲ ਬਣਿਆ ਤਣਾਅਪੂਰਨ

*** ਕੌਂਸਲਰਾਂ ਦੇ ਵਿਰੋਧ ਉਪਰੰਤ ਤਿੰਨ 'ਚੋਂ ਦੋ ਦੁਕਾਨਾਂ ਹੀ ਸੀਲ ਕਰ ਕੇ ਚੱਲਦੇ ਬਣੇ ਨਗਰ ਕੌਂਸਲ ਦੇ ਅਧਿਕਾਰੀ * ਤਿੰਨ ਘੰਟਿਆਂ ਤੱਕ ਨਗਰ ਕੌਂਸਲ ਦਫ਼ਤਰ 'ਚ ਚੱਲੇ ਹੰਗਾਮੇ ਉਪਰੰਤ ਪ੍ਰਧਾਨ ਨੇ ਅੱਜ ਸੱਦੀ ਹਾਊਸ ਦੀ ਐਮਰਜੈਂਸੀ ਮੀਟਿੰਗ**

ਸੰਗਰੂਰ, 27 ਨਵੰਬਰ (ਦਮਨਜੀਤ ਸਿੰਘ, ਅਮਨਦੀਪ ਸਿੰਘ ਬਿੱਟਾ)-ਸ਼ਹਿਰ ਦੇ ਨਾਭਾ ਗੇਟ ਬਾਜ਼ਾਰ ਸਥਿਤ ਤਿੰਨ ਦੁਕਾਨਾਂ ਨੂੰ ਸੀਲ ਕਰਨ ਲਈ ਲਈ ਭਾਰੀ ਅਮਲੇ ਫੈਲੇ ਅਤੇ ਪੁਲਿਸ ਬਲ ਨਾਲ ਪਹੁੰਚੇ ਨਗਰ ਕੌਂਸਲ ਸੰਗਰੂਰ ਦੇ ਕਾਰਜ ਸਾਧਕ ਅਫ਼ਸਰ ਅਤੇ ਸ਼ਹਿਰ ਦੇ ਕਰੀਬ ਇਕ ਦਰਜਨ ਕੌਂਸਲਰਾਂ ਵਿਚਾਲੇ ਤਿੱਖੀ ਬਹਿਸ ਪਿੱਛੋਂ ਤਣਾਅਪੂਰਨ ਬਣੇ ਹਲਾਤਾਂ ਉਪਰੰਤ ਨਗਰ ਕੌਂਸਲ ਦੀ ਟੀਮ ਨੂੰ ਤਿੰਨ ਵਿਚੋਂ ਦੋ ਦੁਕਾਨਾਂ ਨੂੰ ਹੀ ਸੀਲ ਕਰ ਕੇ ਹਫ਼ੜਾ ਦਫ਼ੜੀ ਵਿਚ ਉੱਥੋਂ ਵਾਪਸ ਮੁੜਨਾ ਪਿਆ। ਨਗਰ ਕੌਂਸਲ ਵਲੋਂ ਕੀਤੀ ਗਈ ਇਸ ਕਾਰਵਾਈ ਜਿਓਂ ਹੀ ਸ਼ਹਿਰ ਦੇ ਹੋਰਨਾਂ ਕੌਂਸਲਰਾਂ, ਵਪਾਰੀਆਂ ਅਤੇ ਸਮਾਜ ਸੇਵੀਆਂ ਨੂੰ ਪਤਾ ਲੱਗਾ ਉਹ ਉਸ ਜਗ੍ਹਾ ਇਕੱਤਰ ਹੋਣੇ ਸ਼ੁਰੂ ਹੋ ਗਏ ਅਤੇ ਨਗਰ ਕੌਂਸਲ ਦੀ ਇਸ ਕਾਰਵਾਈ ਨੂੰ ਸਰਾਸਰ ਗ਼ਲਤ ਕਰਾਰ ਦਿੰਦਿਆ ਦੋਸ਼ ਲਗਾਏ ਗਏ ਕਿ ਨਗਰ ਕੌਂਸਲ ਦੇ ਅਧਿਕਾਰੀ ਸ਼ਹਿਰ ਦੇ ਕੁਝ ਵਿਵਾਦ ਪਸੰਦ ਲੋਕਾਂ ਪਿੱਛੇ ਲੱਗ ਕੇ ਅਜਿਹੀਆਂ ਕਾਰਵਾਈਆਂ ਨੂੰ ਅੰਜਾਮ ਦੇ ਰਹੇ ਹਨ ਕਿਉਂਕਿ ਜੇਕਰ ਇਹ ਇਮਾਰਤਾਂ ਨਕਸ਼ਿਆਂ ਮੁਤਾਬਿਕ ਸਹੀ ਨਹੀਂ ਹਨ ਤਾਂ ਇਨ੍ਹਾਂ ਦਾ ਕੰਮ ਉਦੋਂ ਕਿਉਂ ਨਹੀਂ ਰੁਕਵਾਇਆ ਗਿਆ ਜਦ ਇਨ੍ਹਾਂ ਦੀ ਉਸਾਰੀ ਸ਼ੁਰੂਆਤੀ ਦੌਰ ਵਿਚ ਸੀ। ਨਗਰ ਕੌਂਸਲ ਦੀ ਕਾਰਵਾਈ ਤੋਂ ਗੁੱਸੇ ਵਿਚ ਆਏ ਕੌਂਸਲਰਾਂ ਅਤੇ ਵਪਾਰੀਆਂ ਨੇ ਨਗਰ ਕੌਂਸਲ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਰੋਸ ਵਜੋਂ ਨਾਭਾ ਗੇਟ ਬਾਜ਼ਾਰ ਵਿਚਲੀਆਂ ਦੁਕਾਨਾਂ ਦੀ ਬੰਦ ਕਰਵਾ ਦਿੱਤੀਆਂ। ਇਸ ਉਪਰੰਤ ਪ੍ਰਦਰਸ਼ਨਕਾਰੀਆਂ ਨੇ ਥਾਣਾ ਸਿਟੀ ਅੱਗੇ ਧਰਨਾ ਦੇਣ ਦੀ ਗੱਲ ਕੀਤੀ ਪਰ ਕੌਂਸਲਰਾਂ ਵਲੋਂ ਧਰਨੇ ਵਿਚ ਬੈਠਣ ਦੀ ਥਾਂ ਨਗਰ ਕੌਂਸਲ ਦਫ਼ਤਰ ਪਹੁੰਚ ਕੇ ਕਾਰਜਸਾਧਕ ਅਫ਼ਸਰ ਨੂੰ ਘੇਰਨ ਦੀ ਵਿਊਂਤਬੰਦੀ ਬਣਾ ਲਈ ਜਿਸ ਕਾਰਨ ਧਰਨੇ ਵਿਚ ਪ੍ਰਦਰਸ਼ਨਕਾਰੀਆਂ ਦੀ ਤਾਦਾਦ ਘੱਟ ਗਈ ਅਤੇ ਧਰਨਾ ਮਹਿਜ਼ ਕੁਝ ਕੁ ਮਿੰਟਾਂ ਵਿਚ ਹੀ ਸਮਾਪਤ ਹੋ ਗਿਆ। ਨਗਰ ਕੌਂਸਲ ਦਫ਼ਤਰ ਪਹੁੰਚੇ 20 ਦੇ ਕਰੀਬ ਕੌਂਸਲਰਾਂ ਦੀ ਕਾਰਜਸਾਧਕ ਅਫ਼ਸਰ ਨਾਲ ਇਸ ਕਾਰਵਾਈ ਸੰਬੰਧੀ ਮੁੜ ਤਿੱਖੀ ਬਹਿਸ ਅਤੇ ਕਹਾਸੁਣੀ ਇਸ ਕਦਰ ਤੱਕ ਵੱਧ ਗਈ ਕਿ ਕਾਰਜਸਾਧਕ ਅਫ਼ਸਰ ਅਸ਼ੀਸ਼ ਕੁਮਾਰ ਨੂੰ ਆਪਣੀ ਸੁਰੱਖਿਆ ਲਈ ਕੌਂਸਲ ਦਫ਼ਤਰ ਵਿਚ ਪੁਲਿਸ ਸੱਦਣੀ ਪੈ ਗਈ। ਕਰੀਬ ਤਿੰਨ ਘੰਟਿਆਂ ਤੱਕ ਚੱਲੀ ਇਸ ਕਸ਼ਮਕਸ਼ ਵਿਚ ਕੌਂਸਲਰ ਇਸ ਗੱਲ ਉੱਤੇ ਅੜੇ ਰਹੇ ਕਿ ਜਿਨ੍ਹਾਂ ਦੋ ਦੁਕਾਨਾਂ ਨੂੰ ਸੀਲਾਂ ਲਗਾਈਆਂ ਗਈਆਂ ਹਨ ਉਨ੍ਹਾਂ ਦੀ ਸੀਲਾਂ ਨੂੰ ਤੁਰੰਤ ਖੋਲ੍ਹਿਆ ਜਾਵੇ ਪਰ ਕਾਰਜਸਾਧਕ ਅਫ਼ਸਰ ਇਸ ਗੱਲ ਲਈ ਬੇਜਿੱਦ ਰਹੇ ਕਿ ਉਹ ਬਿਨ੍ਹਾਂ ਵਧੀਕ ਡਿਪਟੀ ਕਮਿਸ਼ਨਰ ਦੇ ਹੁਕਮਾਂ ਤੋਂ ਇਹ ਸੀਲਾਂ ਨਹੀਂ ਖੋਲ੍ਹ ਸਕਦੇ। ਹੰਗਾਮੇ ਦੌਰਾਨ ਨਗਰ ਕੌਂਸਲ ਦੇ ਪ੍ਰਧਾਨ ਭੁਪਿੰਦਰ ਸਿੰਘ ਵੀ ਪਹੁੰਚੇ ਅਤੇ ਲੰਬੇ ਸਲਾਹ ਮਸ਼ਵਰੇ ਉਪਰੰਤ ਇਹ ਫ਼ੈਸਲਾ ਲਿਆ ਗਿਆ ਕਿ ਕੱਲ੍ਹ 28 ਨਵੰਬਰ ਨੂੰ ਸਵੇਰੇ 11 ਵਜੇ ਨਗਰ ਕੌਂਸਲ ਸੰਗਰੂਰ ਦੇ ਹਾਊਸ ਦੀ ਵਿਸ਼ੇਸ਼ (ਐਮਰਜੈਂਸੀ) ਇਕੱਤਰਤਾ ਸੱਦੀ ਜਾ ਰਹੀ ਹੈ ਜਿਸ ਦੇ ਏਜੰਡੇ ਵਿਚ ਇਹ ਮਤਾ ਰੱਖਿਆ ਗਿਆ ਹੈ ਕਿ ਨਗਰ ਕੌਂਸਲ ਵਲੋਂ ਦੁਕਾਨਾਂ ਨੂੰ ਸੀਲ ਕਾਰਨ ਸ਼ਹਿਰ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਖ਼ਰਾਬ ਹੋਵੇਗੀ ਅਤੇ ਸ਼ਹਿਰ ਵਿਚ ਧਰਨੇ ਆਦਿ ਲੱਗਣ ਦਾ ਖ਼ਦਸ਼ਾ ਹੈ।

ਜਿਨ੍ਹਾਂ ਦੁਕਾਨਦਾਰਾਂ ਵਲੋਂ ਕੌਂਸਲ ਅਧਿਕਾਰੀਆਂ ਨੂੰ ਦਿੱਤੇ ਜਾਂਦੇ ਹਨ ਪੈਸੇ ਉਨ੍ਹਾਂ ਉੱਤੇ ਨਹੀਂ ਹੁੰਦੀ ਕਾਰਵਾਈ-ਆਜ਼ਾਦ ਕੌਂਸਲਰ

ਸੰਗਰੂਰ - ਸ਼ਹਿਰ ਦੇ ਨਾਭਾ ਗੇਟ ਵਿਖੇ ਦੁਕਾਨਾਂ ਨੂੰ ਸੀਲ ਕਰਨ ਦੀ ਕਰਨ ਦੀ ਚੱਲ ਰਹੀ ਕਾਰਵਾਈ ਨੂੰ ਰੁਕਵਾਉਣ ਲਈ ਪਹੁੰਚੇ ਆਮ ਆਦਮੀ ਪਾਰਟੀ ਨੂੰ ਛੱਡ ਚੁੱਕੇ ਕੌਂਸਲਰ ਕ੍ਰਿਸ਼ਨ ਲਾਲ ਵਿੱਕੀ, ਪਰਮਿੰਦਰ ਸਿੰਘ ਪਿੰਕੀ, ਹਰਬੰਸ ਲਾਲ, ਪ੍ਰਦੀਪ ਪੁਰੀ ਅਤੇ ਹੋਰਨਾਂ ਨੇ ਸਿੱਧੇ ਤੌਰ ਉੱਤੇ ਦੋਸ਼ ਲਗਾਏ ਕਿ ਨਗਰ ਕੌਂਸਲ ਸੰਗਰੂਰ ਅੰਦਰ ਕੁਝ ਲੋਕਾਂ ਦੀ ਮਿਲੀਭੁਗਤ ਨਾਲ ਇਕ ਵੱਡਾ ਗਿਰੋਹ ਕੰਮ ਕਰ ਰਿਹਾ ਹੈ ਜੋ ਸ਼ਹਿਰ ਦੀਆਂ ਅਜਿਹੀਆਂ ਇਮਾਰਤਾਂ ਨੂੰ ਛਾਂਟ ਕੇ ਪਹਿਲਾਂ ਉਨ੍ਹਾਂ ਦੀਆਂ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚੋਂ ਜਿਨ੍ਹਾਂ ਇਮਾਰਤਾਂ ਦੇ ਮਾਲਕ ਨਗਰ ਕੌਂਸਲ ਦੇ ਅਧਿਕਾਰੀਆਂ ਦੀਆਂ ਜੇਬਾਂ ਗਰਮ ਕਰ ਦਿੰਦੇ ਹਨ ਉਨ੍ਹਾਂ ਉੱਤੇ ਕੋਈ ਕਾਰਵਾਈ ਨਹੀਂ ਹੁੰਦੀ ਅਤੇ ਜਿਹੜੇ ਅਜਿਹਾ ਨਹੀਂ ਕਰਦੇ ਉਨ੍ਹਾਂ ਦੀਆਂ ਇਮਾਰਤਾਂ ਨੂੰ ਸੀਲ ਕਰਨ ਜਾਂ ਢਾਹਉਣ ਤੱਕ ਦੀਆਂ ਕਾਰਵਾਈਆਂ ਆਰੰਭ ਦਿੱਤੀਆਂ ਜਾਂਦੀਆਂ ਹਨ।

ਪੰਜਾਬ ਪੁਲਿਸ ਉਮੀਦਵਾਰਾਂ ਨੇ ਮੁੱਖ ਮੰਤਰੀ ਨਿਵਾਸ ਬਾਹਰ ਕੀਤਾ ਜ਼ੋਰਦਾਰ ਪ੍ਰਦਰਸ਼ਨ

ਸੰਗਰੂਰ, 27 ਨਵੰਬਰ (ਅਮਨਦੀਪ ਸਿੰਘ ਬਿੱਟਾ)-ਪੰਜਾਬ ਪੁਲਿਸ ਸਿਪਾਹੀ ਭਰਤੀ 2024 ਨਾਲ ਸਬੰਧਿਤ 1746 ਉਮੀਦਵਾਰਾਂ ਵਲੋਂ ਨਿਯੁਕਤੀ ਪੱਤਰ ਜਾਰੀ ਕਰਵਾਉਣ ਦੀ ਮੰਗ ਨੂੰ ਲੈ ਕੇ ਵੱਡੀ ਗਿਣਤੀ ਵਿਚ ਅੱਜ ਮੁੱਖ ਮੰਤਰੀ ਨਿਵਾਸ ਬਾਹਰ ਪ੍ਰਭਾਵਸ਼ਾਲੀ ਧਰਨਾ ਦਿੱਤਾ ਗਿਆ ਦੇਰ ਸ਼ਾਮ ਤੱਕ ਸੰਬੰਧਿਤ ਪੁਲਿਸ ਭਰਤੀ ਦੇ ਉਮੀਦਵਾਰ ਮੁੱਖ ਮੰਤਰੀ ਨਿਵਾਸ ਬਾਹਰ ਡਟੇ ਰਹੇ। ਪ੍ਰਦਰਸ਼ਨਕਾਰੀ ਇਸ ਗੱਲ ਲਈ ਅਡਿੱਗ ਸਨ ਕਿ ਉਨ੍ਹਾਂ ਨੂੰ ਨਿਯੁਕਤੀ ਪੱਤਰ ਅੱਜ ਹੀ ਦਿੱਤੇ ਜਾਣ। ਐੱਸ.ਐੱਚ.ਓ. ਸਦਰ ਜਸਵਿੰਦਰ ਕੌਰ ਅਤੇ ਹੋਰ ਉੱਚ ਅਧਿਕਾਰੀ ਭਾਰੀ ਪੁਲਿਸ ਫੋਰਸ ਨਾਲ ਮੌਜੂਦ ਸਨ ਅਤੇ ਪੁਲਿਸ ਨੇ ਵਾਹਨ ਵੀ ਇਕੱਠੇ ਕਰ ਲਏ ਜਿਸ ਸੰਬੰਧੀ ਇਹ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਸੀ ਕਿ ਪੁਲਿਸ ਫੋਰਸ ਹਨੇਰੇ ਦੀ ਆੜ ਹੇਠ ਪ੍ਰਦਰਸ਼ਨਕਾਰੀਆਂ ਨੂੰ ਚੁੱਕ ਸਕਦੀ ਹੈ। ਇਸ ਦੇ ਚੱਲਦਿਆਂ ਸਥਿਤੀ ਤਣਾਅਪੂਰਨ ਬਣੀ ਹੋਈ ਸੀ। ਦੂਜੇ ਪਾਸੇ ਪ੍ਰਦਰਸ਼ਨਕਾਰੀਆਂ ਨੇ ਸ਼ਾਂਤੀਪੂਰਨ ਪਾਠ ਆਰੰਭ ਕਰ ਦਿੱਤਾ ਸੀ ਜੋ ਖ਼ਬਰ ਲਿਖੇ ਜਾਣ ਤੱਕ ਜਾਰੀ ਸੀ। ਅੱਜ ਪੰਜਾਬ ਭਰ ਵਿਚੋਂ ਇਸ ਭਰਤੀ ਨਾਲ ਸਬੰਧਤ ਵਲੰਟੀਅਰ ਤੜਕਸਾਰ ਵੇਰਕਾ ਪਲਾਂਟ ਵਿਖੇ ਇਕੱਤਰ ਹੋਣੇ ਸ਼ੁਰੂ ਹੋਏ ਜਿੱਥੋਂ ਉਹ ਤੇਜ਼ੀ ਨਾਲ ਕੁਝ ਦੂਰੀ ਉੱਤੇ ਸਥਿਤ ਮੁੱਖ ਮੰਤਰੀ ਨਿਵਾਸ ਵੱਲ ਵਧੇ। ਮੁੱਖ ਮੰਤਰੀ ਨਿਵਾਸ ਮੰਤਰੀ ਡਰੀਮ ਲੈਂਡ ਕਾਲੋਨੀ ਬਾਹਰ ਪ੍ਰਦਰਸ਼ਨੀ ਸੜਕ ਉੱਤੇ ਹੀ ਬੈਠ ਗਏ ਅਤੇ ਉਨ੍ਹਾਂ ਧਰਨਾ ਆਰੰਭ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਦੀ ਅਗਵਾਈ ਸੂਰਜ ਅਬੋਹਰ, ਕੇਸਰ ਸਿੰਘ, ਹਰਮਨਪ੍ਰੀਤ ਕੌਰ, ਪੂਨਮ ਰਾਣੀ ਵਲੋਂ ਕੀਤੀ ਜਾ ਰਹੀ ਸੀ। ਆਪਣੀ ਮੰਗਾਂ ਸਬੰਧੀ ਜਾਣਕਾਰੀ ਦਿੰਦਿਆਂ ਸੂਰਜ ਅਬੋਹਰ ਨੇ ਕਿਹਾ ਕਿ ਬਿਨ੍ਹਾਂ ਕਿਸੇ ਦੇਰੀ ਤੋਂ ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਭਰਤੀ ਤਕਰੀਬਨ ਦੋ ਸਾਲਾਂ ਤੋਂ ਲਟਕ ਰਹੀ ਹੈ। ਭਰਤੀ ਪ੍ਰਕਿਰਿਆ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੂਰਜ ਅਬੋਹਰ ਨੇ ਦੱਸਿਆ ਕਿ ਭਰਤੀ ਸਬੰਧੀ ਨੋਟੀਫ਼ਿਕੇਸ਼ਨ 29 ਫਰਵਰੀ 2024 ਨੂੰ ਜਾਰੀ ਹੋਇਆ ਸੀ। 14 ਮਾਰਚ ਤੋਂ 4 ਅਪ੍ਰੈਲ ਤੱਕ ਫਾਰਮ ਭਰੇ ਗਏ ਅਤੇ 1 ਜੁਲਾਈ ਤੋਂ 16 ਅਗਸਤ ਤੱਕ ਪੇਪਰ ਲਏ ਗਏ ਸਨ। ਇਸ ਉਪਰੰਤ 18 ਨਵੰਬਰ 2024 ਨੂੰ ਫਾਈਨਲ ਸਕੋਰ ਕਾਰਡ ਦੇਣ ਬਾਅਦ 25 ਨਵੰਬਰ ਤੋਂ 1 ਦਸੰਬਰ 2024 ਤੱਕ ਸਰੀਰਕ ਟੈੱਸਟ ਲਿਆ ਗਿਆ। ਜਦ ਇਸ ਪ੍ਰੀਕਿਆ ਦੇ ਪੂਰਾ ਹੋਣ ਉਪਰੰਤ ਵੀ ਰਿਜ਼ਲਟ ਨਾ ਕੱਢਿਆ ਤਾਂ 28 ਮਈ 2025 ਨੂੰ ਮੁੱਖ ਮੰਤਰੀ ਨਿਵਾਸ ਬਾਹਰ ਧਰਨਾ ਦੇਣ ਉਪਰੰਤ ਜਲਦ ਕੱਢਿਆ ਗਿਆ। ਅੱਜ 27 ਨਵੰਬਰ ਤੱਕ ਆਪ ਸਰਕਾਰ ਉਨ੍ਹਾਂ ਨੂੰ ਮੁੜ ਧਰਨਾ ਲਗਾਉਣ ਲਈ ਮਜਬੂਰ ਹੋਣਾ ਪਿਆ ਹੈ। ਸੂਰਜ ਅਬੋਹਰ ਨੇ ਕਿਹਾ ਕਿ ਜਦ ਤੱਕ ਉਨ੍ਹਾਂ ਨੂੰ ਨਿਯੁਕਤੀ ਪੱਤਰ ਜਾਰੀ ਨਹੀਂ ਹੁੰਦੇ ਤਦ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

ਮੁੱਖ ਮੰਤਰੀ ਨਿਵਾਸ ਬਾਹਰ ਧਰਨਾ ਦਿੰਦੇ ਹੋਏ 1746 ਪੰਜਾਬ ਸਿਪਾਹੀ ਭਰਤੀ 2024 ਨਾਲ ਸਬੰਧਿਤ ਉਮੀਦਵਾਰ। ਤਸਵੀਰ: ਮੁਕੇਸ਼ ਕੁਮਾਰ

ਦੇਰ ਸ਼ਾਮ ਪੁਲਿਸ ਨੇ ਚੁਕਵਾਇਆ ਧਰਨਾ

ਸੰਗਰੂਰ, ਦੇਰ ਸ਼ਾਮ ਪੁਲਿਸ ਨੇ ਪੰਜਾਬ ਪੁਲਿਸ ਭਰਤੀ ਨਾਲ ਸੰਬੰਧਿਤ ਪ੍ਰਦਸ਼ਨਕਾਰੀਆਂ ਦਾ ਧਰਨਾ ਜਬਰੀ ਚੁਕਵਾ ਦਿੱਤਾ। ਪੁਰਸ਼ ਉਮੀਦਵਾਰਾਂ ਨੂੰ ਧੱਕੇਸ਼ਾਹੀ ਨਾਲ ਬੱਸਾਂ ਵਿਚ ਫਿਟ ਕੇ ਅਣਦੱਸੀ ਥਾਂ ਵਲ ਲਿਜਾਇਆ ਗਿਆ ਹੈ। ਹੁਣ ਭਲਕੇ ਪ੍ਰਦਸ਼ਨਕਾਰੀਆਂ ਦੇ ਅਗਲੇ ਪ੍ਰੋਗਰਾਮ ਅਤੇ ਐਕਸ਼ਨ ਸੰਬੰਧੀ ਪਤਾ ਲੱਗੇਗਾ, ਪਰ ਸੂਤਰਾਂ ਅਨੁਸਾਰ ਕੱਲ੍ਹ ਪ੍ਰਦਸ਼ਨਕਾਰੀਆਂ ਨੇ ਮੁੜ ਸਵੇਰੇ 11 ਵਜੇ ਵੇਰਕਾ ਪਲਾਂਟ ਇਕੱਤਰ ਹੋਣ ਦਾ ਸੱਦਾ ਦਿੱਤਾ ਹੈ।

18 ਮਾਰਚ ਦੀ ਅਰਦਾਸ ਤੋਂ ਸ਼ੁਰੂ ਹੋਇਆ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦਾ ਸਫ਼ਰ ਕਾਮਯਾਬ ਹੋਵੇਗਾ-ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ

ਜਥੇਦਾਰ ਇਕਬਾਲ ਸਿੰਘ ਝੂੰਦਾਂ ਦੇ ਗ੍ਰਹਿ ਵਿਖੇ ਉਨ੍ਹਾਂ ਦੇ ਸਪੁੱਤਰ ਦੇ ਵਿਆਹ ਸਮਾਗਮ ਦੌਰਾਨ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਤੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ। ਤਸਵੀਰ: ਜਤਿੰਦਰ ਮੰਨਵੀ

ਅਮਰਗੜ੍ਹ, 27 ਨਵੰਬਰ (ਜਤਿੰਦਰ ਮੰਨਵੀ, ਪਵਿੱਤਰ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਖੋਏ ਹੋਏ ਜਨਾਧਾਰ ਨੂੰ ਦੁਬਾਰਾ ਮਜ਼ਬੂਤੀ ਨਾਲ ਜੋੜਨ ਲਈ ਅਸੀਂ 18 ਮਾਰਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅਰਦਾਸ ਕਰ ਕੇ ਰਵਾਨਾ ਹੋਏ ਹਾਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਦੀ ਬੇਅੰਤ ਕਿਰਪਾ ਤੇ ਆਸ਼ੀਰਵਾਦ ਸਦਕਾ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਆਪਣੇ ਇਸ ਮਿਸ਼ਨ ਵਿਚ ਨਿਸ਼ਚਿਤ ਤੌਰ 'ਤੇ ਕਾਮਯਾਬੀ ਹਾਸਲ ਕਰਾਂਗੇ ਅਤੇ ਸਿੱਖ ਪੰਥ, ਪੰਜਾਬ ਅਤੇ ਪੰਜਾਬੀਅਤ ਨੂੰ ਹੋਰ ਮਜ਼ਬੂਤ ਬਣਾਉਣ 'ਚ ਸਫਲ ਰਹਾਂਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਾਬਕਾ ਵਿਧਾਇਕ ਜਥੇਦਾਰ ਇਕਬਾਲ ਸਿੰਘ ਝੂੰਦਾਂ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਗ੍ਰਹਿ ਪਿੰਡ ਝੂੰਦਾਂ ਵਿਖੇ ਉਨ੍ਹਾਂ ਦੇ ਸਪੁੱਤਰ ਦੇ ਵਿਆਹ ਸਮਾਗਮ ਦੀ ਖ਼ੁਸ਼ੀ 'ਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸੁਖਵਿੰਦਰ ਸਿੰਘ ਫੁੱਲ ਇੰਚਾਰਜ ਉਪ ਦਫ਼ਤਰ ਅਜੀਤ ਸੰਗਰੂਰ,ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਸੰਤ ਬਲਬੀਰ ਸਿੰਘ ਘੁੰਨਸ, ਸਾਬਕਾ ਵਿਧਾਇਕ ਬਾਬੂ ਪ੍ਰਕਾਸ਼ ਚੰਦ ਗਰਗ, ਤੇਜਾ ਸਿੰਘ ਕਮਾਲਪੁਰ, ਸੰਤਾ ਸਿੰਘ ਉਮੈਦਪੁਰੀ,ਬੀਬੀ ਸਤਵੰਤ ਕੌਰ ਸਪੁੱਤਰੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਚੇਅਰਪਰਸਨ ਪੰਥ ਕੌਂਸਲ, ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਹਰੀ ਸਿੰਘ ਨਾਭਾ ਐਮ.ਡੀ ਪ੍ਰੀਤ ਗਰੁੱਪ, ਸੁਖਵੰਤ ਸਿੰਘ ਸਰਾਓ, ਸਾਬਕਾ ਸੰਸਦ ਮੈਂਬਰ ਰਾਜਦੇਵ ਸਿੰਘ, ਹਾਕਮ ਸਿੰਘ ਵਿਧਾਇਕ ਰਾਏਕੋਟ, ਮੁਹੰਮਦ ਤੁਫੈਲ ਮਲਿਕ, ਅਮਰਿੰਦਰ ਸਿੰਘ ਮੰਡੀਆਂ ਸਮੇਤ ਵੱਡੀ ਗਿਣਤੀ 'ਚ ਧਾਰਮਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਮੌਜੂਦ ਸਨ।

ਪੁਲਿਸ ਵਲੋਂ 37 ਗ੍ਰਾਮ ਹੈਰੋਇਨ ਬਰਾਮਦ

ਸੁਨਾਮ ਊਧਮ ਸਿੰਘ ਵਾਲਾ, 27 ਨਵੰਬਰ (ਭੁੱਲਰ, ਧਾਲੀਵਾਲ)-ਸਬ-ਡਵੀਜ਼ਨ ਪੁਲਿਸ ਸੁਨਾਮ ਊਧਮ ਸਿੰਘ ਵਿਲਾ ਵਲੋਂ 37 ਗ੍ਰਾਮ ਹੈਰੋਇਨ/ ਚਿੱਟਾ ਬਰਾਮਦ ਕਰਨ ਦਾ ਦਾਅਵਾ ਕਰਦਿਆਂ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀ ਐੱਸ ਪੀ ਸੁਨਾਮ ਹਰਵਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ 'ਯੁੱਧ ਨਸਿਆ ਵਿਰੁੱਧ